# ਯਾਦਗਾਰ ਊਧਮ ਦੀ

ਕੱਤੀ ਜਦੋਂ ਜੁਲਾਈ ਦੀ
ਮੁੜ ਕੇ ਫੇਰਾ ਪਾਂਦੀ ਹੈ
ਤੇਰੀ ਸਹੁੰ ਉਧਮਾਂ ਵੇ
ਤੇਰੀ ਯਾਦ ਆਂਦੀ ਹੈ

ਤੇਰਾ ਪਿਸਟਲ ਆਵੇਗਾ
ਉਸ ਨੂੰ ਕਿਥੇ ਰੱਖਾਂਗੇ
ਤੇਰੀ ਸਹੁੰ ਉਧਮਾਂ ਵੇ
ਚਿੰਤਾ ਖਾਈ ਜਾਂਦੀ ਹੈ

ਤੇਰੀ ਡਾਇਰੀ ਆਵੇਗੀ
ਉਸ ਨੂੰ ਕਿਥੇ ਰੱਖਾਂਗੇ
ਤੇਰੀ ਸਹੁੰ ਊਧਮਾਂ ਵੇ
ਚਿੰਤਾ ਖਾਈ ਜਾਂਦੀ ਹੈ

ਸਾਡੇ ਕੰਸਟੀਚਊਸ਼ਨ ਦੇ
ਅੰਦਰ ਕਿਧਰੇ ਨਹੀਂ ਲਿਖਿਆ
ਯਾਦਗਾਰ ਸ਼ਹੀਦਾਂ ਦੀ
ਕਦੋਂ ਬਣਾਈ ਜਾਂਦੀ ਹੈ

ਕਹਿੰਦੇ ਅੱਜ ਬਣਾਵਾਂਗੇ
ਕਹਿੰਦੇ ਕੱਲ੍ਹ ਬਣਾਵਾਂਗੇ
ਇਹ ਸਰਕਾਰ ਬਾਦਲਾਂ ਦੀ
ਲਾਰੇ ਲਈ ਜਾਂਦੀ ਹੈ

ਤੇਰੀਆਂ ਅਸਥੀਆਂ ਨੂੰ ਵੀ
ਲਾਇਬਰੇਰੀ ਵਿਚ ਰੱਖਿਐ
ਤੈਨੂੰ ਦੱਸਣ ਲੱਗਿਆਂ ਵੀ
ਮੈਨੂੰ ਸ਼ਰਮ ਆਂਦੀ ਹੈ

ਕੱਤੀ ਜਦੋਂ ਜੁਲਾਈ ਦੀ
ਮੁੜ ਕੇ ਫੇਰਾ ਪਾਂਦੀ ਹੈ
ਤੇਰੀ ਸਹੁੰ ਊਧਮਾਂ ਵੇ
ਤੇਰੀ ਯਾਦ ਆਂਦੀ ਹੈ